# Victorian Equal Opportunity & Human Rights Commission

# ਮਨੁੱਖੀ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦਾ ਚਾਰਟਰ

## ਚਾਰਟਰ ਕੀ ਹੁੰਦਾ ਹੈ?

ਮਨੁੱਖੀ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦਾ ਚਾਰਟਰ (ਇਹ ਚਾਰਟਰ) ਇੱਕ ਕਾਨੂੰਨ ਹੈ ਜੋ ਵਿਕਟੋਰੀਆ ਵਿੱਚ ਸਾਰੇ ਲੋਕਾਂ ਦੇ ਬੁਨਿਆਦੀ ਅਧਿਕਾਰਾਂ, ਆਜ਼ਾਦੀਆਂ ਅਤੇ ਜ਼ਿੰਮੇਵਾਰੀਆਂ ਨੂੰ ਨਿਰਧਾਰਤ ਕਰਦਾ ਹੈ।

ਜਨਤਕ ਅਥਾਰਟੀਆਂ (ਰਾਜ ਅਤੇ ਸਥਾਨਕ ਸਰਕਾਰਾਂ, ਅਦਾਲਤਾਂ ਅਤੇ ਟ੍ਰਿਬਿਊਨਲ) ਲਈ ਉਹਨਾਂ ਅਧਿਕਾਰਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ। ਨਵੀਆਂ ਨੀਤੀਆਂ ਅਤੇ ਕਾਨੂੰਨਾਂ ਵਿੱਚ ਮਨੁੱਖੀ ਅਧਿਕਾਰਾਂ ਨੂੰ ਵੀ ਧਿਆਨ ਵਿੱਚ ਰੱਖਣਾ ਲਾਜ਼ਮੀ ਹੈ।

ਸਰਕਾਰ ਲਈ ਕੰਮ ਕਰਨ ਵਾਲੇ ਲੋਕਾਂ ਨੂੰ ਵੀ ਮਨੁੱਖੀ ਅਧਿਕਾਰਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ ਤਾਂ ਜੋ ਭਾਈਚਾਰੇ ਦੇ ਮੈਂਬਰਾਂ ਨਾਲ ਅਨੁਚਿਤ ਵਿਵਹਾਰ ਨਾ ਕੀਤਾ ਜਾਵੇ।

ਚਾਰਟਰ ਦੇ ਅਧੀਨ ਜਨਤਕ ਅਥਾਰਟੀਆਂ ਦੀਆਂ ਜ਼ਿੰਮੇਵਾਰੀਆਂ ਬਾਰੇ ਹੋਰ ਪੜ੍ਹੋ।

ਕੁੱਝ ਸਥਿਤੀਆਂ ਵਿੱਚ, ਕੁੱਝ ਅਧਿਕਾਰ ਸੀਮਤ ਹੋ ਸਕਦੇ ਹਨ। ਹਾਲਾਂਕਿ, ਇਹ ਜ਼ਰੂਰੀ ਅਤੇ ਵਾਜਬ ਹੋਣਾ ਲਾਜ਼ਮੀ ਹੈ ਅਤੇ ਅਜਿਹੇ ਫ਼ੈਸਲੇ ਦੇ ਸਪੱਸ਼ਟ ਕਾਰਨ ਹੋਣੇ ਲਾਜ਼ਮੀ ਹਨ।

## ਇਸ ਐਕਟ ਦੀ ਪੂਰੀ ਕਾਪੀ ਦੇਖੋ ਅਤੇ ਡਾਊਨਲੋਡ ਕਰੋ

**ਮਨੁੱਖੀ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦਾ ਚਾਰਟਰ ਐਕਟ 2006**

## ਇਸ ਚਾਰਟਰ ਵਿੱਚ ਕਿਹੜੇ ਅਧਿਕਾਰ ਸ਼ਾਮਲ ਹਨ?

20 ਬੁਨਿਆਦੀ ਮਨੁੱਖੀ ਅਧਿਕਾਰ ਕਨੂੰਨੀ ਤੌਰ 'ਤੇ ਸੁਰੱਖਿਅਤ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਸਮਾਨਤਾ ਦਾ ਅਧਿਕਾਰ
- ਬੇਰਹਿਮੀ ਵਾਲੇ, ਅਣਮਨੁੱਖੀ, ਜਾਂ ਅਪਮਾਨਜਨਕ ਵਿਵਹਾਰ ਤੋਂ ਸੁਰੱਖਿਆ
- ਵੋਟ ਦਾ ਅਧਿਕਾਰ
- ਵਿਚਾਰ ਪ੍ਰਗਟਾਵੇ ਦੀ ਆਜ਼ਾਦੀ
- ਸੱਭਿਆਚਾਰਕ ਅਧਿਕਾਰ।

ਇਹ ਚਾਰਟਰ ਮੰਨਦਾ ਹੈ ਕਿ ਸਾਰੇ ਅਧਿਕਾਰ ਜ਼ਿੰਮੇਵਾਰੀਆਂ ਦੇ ਨਾਲ ਆਉਂਦੇ ਹਨ। ਇਸ ਵਿੱਚ ਦੂਜੇ ਲੋਕਾਂ ਦੇ ਅਧਿਕਾਰਾਂ ਦਾ ਆਦਰ ਕਰਨ ਦੀ ਜ਼ਿੰਮੇਵਾਰੀ ਸ਼ਾਮਲ ਹੈ। **ਪੂਰੀ ਸੂਚੀ ਅਤੇ ਸਾਰੇ ਅਧਿਕਾਰਾਂ ਬਾਰੇ ਹੋਰ ਜਾਣਕਾਰੀ** ਦੇਖੋ।

## ਕੀ ਅਧਿਕਾਰ ਸੀਮਤ ਹੋ ਸਕਦੇ ਹਨ?

ਅਧਿਕਾਰ ਸਿਰਫ਼ ਓਨਾ ਹੀ ਸੀਮਤ ਹੋ ਸਕਦੇ ਹਨ ਜਿੱਥੋਂ ਤੱਕ ਸਾਰੇ ਸੰਬੰਧਿਤ ਕਾਰਕਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇੱਕ ਆਜ਼ਾਦ ਅਤੇ ਲੋਕਤੰਤਰੀ ਸਮਾਜ ਵਿੱਚ ਪ੍ਰਦਰਸ਼ਿਤ ਤੌਰ 'ਤੇ ਜਾਇਜ਼ ਠਹਿਰਾਇਆ ਜਾ ਸਕਦਾ ਹੈ।

ਜਨਤਕ ਅਧਿਕਾਰੀ ਮਨੁੱਖੀ ਅਧਿਕਾਰਾਂ ਨੂੰ ਸੀਮਤ ਕਰ ਸਕਦੇ ਹਨ; ਜਦੋਂ ਉਹਨਾਂ ਸੀਮਾਵਾਂ ਨੂੰ ਜਾਇਜ਼ ਠਹਿਰਾਇਆ ਜਾ ਸਕਦਾ ਹੋਵੇ। ਇਸਦਾ ਮਤਲਬ ਹੈ ਕਿ ਸਰਕਾਰ ਅਤੇ ਸੰਸਦ ਭਾਈਚਾਰੇ ਦੀ ਤਰਫੋਂ ਇਸ ਬਾਰੇ ਫ਼ੈਸਲੇ ਲੈਣਾ ਜਾਰੀ ਰੱਖ ਸਕਦੀ ਹੈ ਕਿ ਕਿਵੇਂ ਸਭ ਤੋਂ ਵਧੀਆ ਅਧਿਕਾਰਾਂ ਨੂੰ ਸੰਤੁਲਿਤ ਕਰਨਾ ਹੈ, ਵਿਕਟੋਰੀਆ ਦੇ ਲੋਕਾਂ ਨੂੰ ਅਪਰਾਧ ਤੋਂ ਬਚਾਉਣਾ ਹੈ, ਅਤੇ ਜਨਤਕ ਹਿੱਤਾਂ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਸੀਮਤ ਫੰਡਿੰਗ ਦੀ ਵਰਤੋਂ ਕਿਵੇਂ ਕਰਨੀ ਹੈ।

## ਕੀ ਇਸਦੇ ਕੋਈ ਅਪਵਾਦ ਹਨ?

ਉਚਿਤ ਰੂਪ ਵਿੱਚ ਵਿਚਾਰ ਕਰਨਾ ਅਤੇ ਮਨੁੱਖੀ ਅਧਿਕਾਰਾਂ ਦੇ ਅਨੁਕੂਲ ਕੰਮ ਕਰਨਾ ਉਥੇ ਲਾਗੂ ਨਹੀਂ ਹੁੰਦਾ ਹੈ ਜਿੱਥੇ:

- ਕਿਸੇ ਹੋਰ ਕਾਨੂੰਨ ਦੇ ਤਹਿਤ, ਇੱਕ ਜਨਤਕ ਅਥਾਰਟੀ ਵਾਜਬ ਤੌਰ 'ਤੇ ਵੱਖਰਾ ਕੰਮ ਨਹੀਂ ਕਰ ਸਕਦੀ ਸੀ ਜਾਂ ਕੋਈ ਵੱਖਰਾ ਫ਼ੈਸਲਾ ਨਹੀਂ ਲੈ ਸਕਦੀ ਸੀ
- ਇਹ ਐਕਟ ਜਾਂ ਫ਼ੈਸਲਾ ਨਿੱਜੀ ਕਿਸਮ ਦਾ ਹੈ
- ਇਹ ਐਕਟ ਜਾਂ ਫ਼ੈਸਲਾ ਕਿਸੇ ਧਾਰਮਿਕ ਸੰਸਥਾ ਨੂੰ ਧਾਰਮਿਕ ਸਿਧਾਂਤਾਂ, ਵਿਸ਼ਵਾਸਾਂ, ਜਾਂ ਸਿਧਾਂਤਾਂ ਦੇ ਅਨੁਕੂਲ ਕੰਮ ਕਰਨ ਵਿੱਚ ਰੁਕਾਵਟ ਪੈਦਾ ਕਰਦਾ ਜਾਂ ਰੋਕਦਾ ਹੈ।

## ਵਿਕਟੋਰੀਅਨ ਇਸ ਚਾਰਟਰ ਦੇ ਅਧੀਨ ਕਿਵੇਂ ਬਿਹਤਰ ਹਨ?

ਇਹ ਚਾਰਟਰ ਇਹ ਯਕੀਨੀ ਬਣਾਉਂਦਾ ਹੈ ਕਿ ਰਾਜ ਸਰਕਾਰ ਨਿਰਪੱਖਤਾ ਨਾਲ ਨਵੇਂ ਕਾਨੂੰਨ ਬਣਾਉਣਾ ਜਾਰੀ ਰੱਖੇ ਅਤੇ ਨਵੀਆਂ ਸ਼ਕਤੀਆਂ ਅਤੇ ਵਿਕਟੋਰੀਆ ਦੇ ਹੱਕਾਂ ਦੀ ਰਾਖੀ ਵਿਚਕਾਰ ਸੰਤੁਲਨ ਕਾਇਮ ਰੱਖੇ।

ਇਹ ਚਾਰਟਰ ਸਾਡੀਆਂ ਜਨਤਕ ਸੇਵਾਵਾਂ ਅਤੇ ਸਰਕਾਰੀ ਵਿਭਾਗਾਂ ਦੇ ਵਿਵਹਾਰ ਵਿੱਚ ਸੁਧਾਰ ਕਰ ਸਕਦਾ ਹੈ। ਇਹ ਜਨਤਕ ਅਥਾਰਟੀਆਂ ਦੇ ਫ਼ੈਸਲਿਆਂ ਨੂੰ ਨਿਰਪੱਖ ਅਤੇ ਵਧੇਰੇ ਮਜ਼ਬੂਤ ਬਣਾ ਸਕਦਾ ਹੈ, ਸਪੱਸ਼ਟ ਕਾਨੂੰਨੀ ਮਾਪਦੰਡ ਸਥਾਪਤ ਕਰ ਸਕਦਾ ਹੈ ਅਤੇ ਉਹਨਾਂ ਮਾਮਲਿਆਂ ਨੂੰ ਮਜ਼ਬੂਤ ਕਰ ਸਕਦਾ ਹੈ ਜਿੱਥੇ ਤਬਦੀਲੀ ਦੀ ਲੋੜ ਹੈ।

ਇਹ ਚਾਰਟਰ ਪ੍ਰਤੀਯੋਗੀ ਜਨਤਕ ਹਿੱਤਾਂ ਨੂੰ ਸੰਤੁਲਿਤ ਕਰਨ ਬਾਰੇ ਮੁਸ਼ਕਲ ਫ਼ੈਸਲੇ ਲੈਣ ਵੇਲੇ ਕਾਨੂੰਨੀ ਤੌਰ 'ਤੇ ਕੰਮ ਕਰਨ ਲਈ ਇੱਕ ਢਾਂਚਾ ਪ੍ਰਦਾਨ ਕਰਕੇ ਫ਼ੈਸਲੇ ਲੈਣ ਵਿੱਚ ਮੱਦਦ ਕਰਦਾ ਹੈ।

ਇਹ ਚਾਰਟਰ ਉਸ ਤਰੀਕੇ ਵਿੱਚ ਸੁਧਾਰ ਕਰਦਾ ਹੈ ਜਿਸ ਵਿੱਚ ਸਰਕਾਰ ਵਿਕਟੋਰੀਆ ਦੇ ਲੋਕਾਂ ਦੀ ਸਹਾਇਤਾ ਕਰਦੀ ਹੈ, ਖ਼ਾਸ ਤੌਰ 'ਤੇ ਸਾਡੇ ਭਾਈਚਾਰੇ ਵਿੱਚ ਸਭ ਤੋਂ ਵੱਧ ਹਾਸ਼ੀਏ 'ਤੇ ਖੜ੍ਹੇ, ਬਾਹਰ ਕੀਤੇ ਗਏ ਅਤੇ ਵਾਂਝੇ ਲੋਕਾਂ ਨੂੰ।

## ਇਸ ਕਮਿਸ਼ਨ ਦੀ ਕੀ ਭੂਮਿਕਾ ਹੈ?

ਵਿਕਟੋਰੀਆ ਦੇ ਬਰਾਬਰ ਮੌਕੇ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਇਸ ਚਾਰਟਰ ਅਧੀਨ ਦੋ ਪ੍ਰਮੁੱਖ ਭੂਮਿਕਾਵਾਂ ਹਨ:

1. **ਜਾਣਕਾਰੀ ਅਤੇ ਸਿੱਖਿਆ**
   ਅਸੀਂ ਚਾਰਟਰ ਦੇ ਅਧਿਕਾਰਾਂ ਅਤੇ ਆਜ਼ਾਦੀਆਂ ਨੂੰ ਅਤੇ ਇਹ ਸਮਝਣ ਵਿੱਚ ਲੋਕਾਂ ਦੀ ਮੱਦਦ ਕਰਦੇ ਹਾਂ ਕਿ ਉਹਨਾਂ ਨੂੰ ਰੋਜ਼ਾਨਾ ਦੀ ਹਕੀਕਤ ਬਣਾਉਣ ਲਈ ਉਹ ਕੀ ਕਰ ਸਕਦੇ ਹਨ। ਅਜਿਹਾ ਕਰਨ ਲਈ ਅਸੀਂ:
   - ਸਾਡੀ ਪੁੱਛਗਿੱਛ ਲਾਈਨ ਰਾਹੀਂ ਜਾਣਕਾਰੀ ਪ੍ਰਦਾਨ ਕਰਦੇ ਹਾਂ ਅਤੇ ਸਵਾਲਾਂ ਦੇ ਜਵਾਬ ਦਿੰਦੇ ਹਾਂ। ਅਸੀਂ ਚਾਰਟਰ ਨਾਲ ਸੰਬੰਧਿਤ ਸ਼ਿਕਾਇਤਾਂ ਦਾ ਨਿਪਟਾਰਾ ਨਹੀਂ ਕਰਦੇ ਹਾਂ
   - ਚਾਰਟਰ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਸਿੱਖਿਆ ਅਤੇ ਸਿਖਲਾਈ ਪ੍ਰਦਾਨ ਕਰਦੇ ਹਾਂ।

2. **ਇਸਦਾ ਗੱਲ ਦਾ ਸੁਤੰਤਰ ਮੁਲਾਂਕਣ ਕਿ ਚਾਰਟਰ ਨੂੰ ਕਿਵੇਂ ਲਾਗੂ ਕੀਤਾ ਜਾ ਰਿਹਾ ਹੈ।**
   - ਅਸੀਂ ਵਿਕਟੋਰੀਆਈ ਸਰਕਾਰ, ਸਥਾਨਕ ਕੌਂਸਲਾਂ ਅਤੇ ਹੋਰ ਜਨਤਕ ਅਥਾਰਟੀਆਂ ਦੁਆਰਾ ਇਸ ਚਾਰਟਰ ਦੇ ਅਧੀਨ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਚੁੱਕੇ ਗਏ ਕਦਮਾਂ ਦਾ ਨਿਯਮਤ ਅਤੇ ਸੁਤੰਤਰ ਮੁਲਾਂਕਣ ਪ੍ਰਦਾਨ ਕਰਦੇ ਹਾਂ।

## ਚਾਰਟਰ ਬਾਰੇ ਸ਼ਿਕਾਇਤਾਂ

ਅਸੀਂ ਚਾਰਟਰ ਨਾਲ ਸੰਬੰਧਿਤ ਸ਼ਿਕਾਇਤਾਂ ਦਾ ਨਿਪਟਾਰਾ ਨਹੀਂ ਕਰਦੇ ਹਾਂ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ ਹੈ, ਤਾਂ ਤੁਹਾਨੂੰ Victorian Ombudsman.

(ਵਿਕਟੋਰੀਅਨ ਓਮਬਡਸਮੈਨ) ਨਾਲ ਸੰਪਰਕ ਕਰਨਾ ਚਾਹੀਦਾ ਹੈ।

ਜੇਕਰ ਤੁਸੀਂ ਪੁਲਿਸ ਵਿਹਾਰ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਸੁਤੰਤਰ ਵਿਆਪਕ ਆਧਾਰਿਤ ਭ੍ਰਿਸ਼ਟਾਚਾਰ ਵਿਰੋਧੀ ਕਮਿਸ਼ਨ ਨਾਲ ਸੰਪਰਕ ਕਰੋ।